# ਦਫਤਰ ਡਿਪਟੀ ਕਮਿਸ਼ਨਰ -ਕਮ-ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਗਨਰੇਗਾ),ਜਿਲ੍ਹਾ ਮਲੇਰਕੋਟਲਾ ।

ਸਰਕਾਰੀ ਕਾਲਜ ਰੋਡ ਮਲੇਰਕੋਟਲਾ 148023

Email: mgnrega23_mlk@thapar.edu/ dpcmlk@gmail.com

**Link for Online Application:** https://govt.thapar.edu/mgr23mk/

## ਜਨਤਕ ਨਿਯੁਕਤੀਆਂ

ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਪ੍ਰੋਗਰਾਮ ਕੋਆਡੀਨੇਟਰ ਮਗਨਰੇਗਾ, ਮਲੇਰਕੋਟਲਾ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਿੱਚ ਮਹਾਤਮਾ ਗਾਂਧੀ ਕੋਮੀ ਦਿਹਾਤੀ ਰੋਜ਼ਗਾਰ ਗਰੰਟੀ ਸਕੀਮ ਅਧੀਨ ਖਾਲੀ ਅਸਾਮੀਆਂ ਦੀ ਭਰਤੀ ਠੇਕਾ ਅਧਾਰ ਤੇ ਕੀਤੀ ਜਾਣੀ ਹੈ।

### 1. Important Tentative Dates:

| | |
|---|---|
| **Date of Advertisement** | **03/02/2023** |
| **Date of availability of online form** | **03/02/2023** |
| **Last date for applying online** | **21/02/2023** |
| **Last date for payment of application fee** | **22/02/2023** |
| **Start date of downloading the admit card** | **27/02/2023** |
| **Date of Exam** | **05/03/2023** |
| **Uploading of answer key and OMR sheet in candidate's login** | **06/03/2023** |
| **Window for filling objection in answer key** | **08/03/2023** |
| **Result of written Examination in candidate's login** | **10/03/2023** |
| **Window for filling objection in written test score** | **13/03/2023** |
| **List of qualified candidates on website** | **15/03/2023** |

**ਨੋਟ:- ਲਿਖਤੀ ਪ੍ਰੀਖਿਆ, ਕੰਪਿਉਟਰ ਸਕਿੱਲ ਟੈਸਟ, ਟਾਇਪਿੰਗ ਟੈਸਟ , ਇੰਟਰਵਿਯੂ ਅਤੇ ਹੋਰ ਮਹੱਤਵਪੂਰਨ ਮਿਤੀਆਂ ਬਾਰੇ ਸੂਚਨਾ ਵੈਬਸਾਈਟ https://malerkotla.nic.in ਅਤੇ** https://govt.thapar.edu/mgr23mk/ **ਉਪਰ ਸਮੇਂ ਸਮੇਂ ਤੇ ਅੱਪਲੋਡ ਕੀਤੀ ਜਾਵੇਗੀ।**

### 2. ਅਸਾਮੀਆਂ ਦਾ ਵੇਰਵਾ:-

**i) ਕੁੱਲ ਅਸਾਮੀਆਂ :-**

| Sr.No | Name of Post | Total No. of Posts |
|---|---|---|
| 1 | Account Manager | 01 |
| 2 | Additional Program Officer | 02 |
| 3 | Technical Assistant | 03 |
| 4 | Computer Assistant | 02 |
| 5 | Gram Rozgar Sewak | 04 |
| **Total** | | **12** |

## ii) ਅਸਾਮੀਆਂ ਦਾ ਕੈਟਾਗਿਰੀਆਂ ਵਾਈਜ ਵਰਗੀਕਰਣ :-

| Sr.No | Name of Post | Total No. of Posts | Category Wise Posts |
|---|---|---|---|
| 1 | Account Manager | 01 | |
| 2 | Additional Program Officer | 02 | 01 SC(W),<br>01 GEN(W) |
| 3 | Technical Assistant | 03 | 01 SC(W)<br>01 GEN(W)<br>01 GEN |
| 4 | Computer Assistant | 02 | 01 SC(W)<br>01 GEN(W) |
| 5 | Gram Rozgar Sewak | 04 | 02 SC(W)<br>01 GEN(W)<br>01 OBC(W) |
| **Total** | | **12** | |

**ਨੋਟ:-** ਉਪਰੋਕਤ ਰਾਖਵਾਕਰਨ ਅਤੇ ਸ਼੍ਰੇਣੀ ਵਾਈਜ ਵਰਗੀਕਰਨ ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਮਗਨਰੇਗਾ **ਮਲੇਰਕੋਟਲਾ** ਨੂੰ ਪ੍ਰਾਪਤ ਨਵੀਂ ਰਾਖਵੇਂਕਰਨ ਪਾਲਿਸੀ ਦੇ ਆਧਾਰ ਤੇ ਦਰਸਾਇਆ ਗਿਆ ਹੈ। ਜੇਕਰ ਇਸ ਦਫਤਰ ਵੱਲੋਂ ਭਵਿੱਖ ਵਿੱਚ ਭਰਤੀ ਪ੍ਰਕਿਰਿਆ ਦੀ ਕਿਸੇ ਵੀ ਸਟੇਜ ਤੇ ਕਿਸੇ ਵੀ ਕਾਰਨ ਉਪਰੋਕਤ ਦਰਸਾਏ ਅਸਾਮੀਆਂ ਦੀ ਗਿਣਤੀ ਘਟਾਉਣ ਜਾਂ ਵਧਾਉਣ ਜਾਂ ਅਸਾਮੀਆਂ ਦੀ ਮੰਗ ਮੁਕੰਮਲ ਰੂਪ ਵਿੱਚ ਵਾਪਿਸ ਲੈਣ ਦਾ ਫੈਸਲਾ ਲਿਆ ਜਾਂਦਾ ਹੈ ਜਾਂ ਉਪਰੋਕਤ ਦਰਸਾਏ ਸ਼੍ਰੇਣੀਆਂ ਦੇ ਵਰਗੀਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਫੈਸਲਾ ਲਿਆ ਜਾਂਦਾ ਹੈ ਤਾਂ ਅਜਿਹੀ ਹਰ ਤਰ੍ਹਾਂ ਦੀ ਸੋਧ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ।

**v.) ਜੇਕਰ ਪੂਰੀ ਪ੍ਰਕਿਰਿਆ ਦੇ ਖਤਮ ਹੋਣ ਤੋ ਬਾਅਦ ਵੀ ਕੋਈ ਰਾਖਵੀਂ ਅਸਾਮੀ ਕਿਸੇ ਕਾਰਨ ਨਹੀਂ ਭਰੀ ਜਾਂਦੀ ਹੈ ਤਾਂ ਉਸ ਸੂਰਤ ਵਿੱਚ ਮਗਨਰੇਗਾ ਦੇ ਕੰਮ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਉਸ ਅਸਾਮੀ ਦੀ ਭਰਤੀ ਸਰਕਾਰ ਪਾਸੋਂ ਡੀ-ਰਿਜਰਵ ਦੀ ਪ੍ਰਵਾਨਗੀ ਲੈਣ ਉਪਰੰਤ ਨਿਰਧਾਰਿਤ ਮੈਰਿਟ ਲਿਸਟ ਦੇ ਅਧਾਰ ਤੇ ਕੀਤੀ ਜਾ ਸਕਦੀ ਹੈ, ਭਾਵੇਂ ਉਮੀਦਵਾਰ ਰਾਖਵੀਂ ਕੈਟਾਗਿਰੀ ਦੇ ਅਧੀਨ ਨਾ ਆਉਂਦਾ ਹੋਵੇ।**

## 3. ਤਨਖਾਹ ਸਕੇਲ ਅਤੇ Increment.

| Sr. No | Name of Post | Remuneration (Salary) |
|---|---|---|
| 1 | Account Manager | 18700/- |
| 2 | Additional Program Officer | 22000/- |
| 3 | Technical Assistant | 17500/- |
| 4 | Computer Assistant | 12000/- |
| 5 | Gram Rozgar Sewak | 10700/- |

**ਉਕਤ ਤੋਂ ਇਲਾਵਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੇਠ ਲਿਖੇ ਅਨੁਸਾਰ ਭੱਤੇ ਦਿੱਤੇ ਜਾਣਗੇ:-**

1. **ਮੋਬਾਇਲ ਭੱਤਾ : 250/- (ਸਾਰੀਆਂ ਪੋਸਟਾਂ ਲਈ)**
2. **ਫਿਕਸ ਸਫ਼ਰੀ ਭੱਤਾ : 1000/- (ਆਈ.ਟੀ.ਮਨੇਜਰ/ ਸਹਾਇਕ ਪ੍ਰੋਗਰਾਮ ਅਫਸਰ)**
   **1500/- (ਟੈਕਨੀਕਲ ਸਹਾਇਕ/ਗ੍ਰਾਮ ਰੋਜ਼ਗਾਰ ਸੇਵਕ)**

**ਨੋਟ:- ਉਕਤ ਤਨਖਾਹ ਮਗਨਰੇਗਾ ਅਧੀਨ 6% ਕੰਟਨਜੈਂਸੀ ਵਿੱਚੋਂ ਦਿੱਤੀ ਜਾਵੇਗੀ ਅਤੇ ਸਰਕਾਰ ਵੱਲੋਂ ਸਮੇਂ ਸਮੇਂ ਤੇ ਲਾਗੂ Increment ਪ੍ਰੋਗਰੈੱਸ ਦੇ ਆਧਾਰ ਤੇ ਹੀ ਦਿੱਤੇ ਜਾਣਗੇ।**

## 4. ਵਿਦਿਅਕ ਯੋਗਤਾ

| Sr. No | Name of Post | Qualification |
|---|---|---|
| 1 | **Account Manager** | **B.Com/M.Com or equivalent with good proficiency in MS office/MS Excel use of internet, basic programming skills, 2 year experience desirable** |
| 2 | **Additional Program Officer** | **BCA/ B-Tech/MCA/MBA or equivalent from Government recognized institute with good proficiency in MS office, use of internet, basic programming skills, 2 year experience desirable** |
| 3 | **Technical Assistant** | **Degree/Diploma in Civil Engineering from Government recognized institute Proficiency in Computer Skills desirable (MS word, Excel, Database functions)** |
| 4 | **Computer Assistant** | **BCA/ B-Tech/MCA or equivalent from Government recognized institute with good proficiency in MS office, use of internet, basic programming skills, one year experience desirable** |
| 5 | **Gram Rozgar Sewak** | **10+2, Data Entry Skills** |

## 5. ਅਸਾਮੀਆਂ ਦੇ ਆਂਕਲਣ ਲਈ ਮਾਪਦੰਡ : (ਕੁੱਲ 100 ਅੰਕ)

| ਅਸਾਮੀ ਦਾ ਨਾਮ | ਲਿਖਤੀ ਪ੍ਰੀਖਿਆ (75 ਅੰਕ) | ਉੱਚ ਵਿੱਦਿਆ (5 ਅੰਕ) | ਲਾਜਮੀ ਕੰਪਿਊਟਰ ਲਿਖਤੀ ਪ੍ਰੀਖਿਆ | ਕੰਮ ਦਾ ਤਜਰਬਾ (ਹਰ ਇੱਕ ਸਾਲ ਲਈ 02 ਅੰਕ,ਵੱਧ ਤੋ ਵੱਧ 10 ਅੰਕ) | ਇੰਟਰਵਿਓ (10 ਅੰਕ) |
|---|---|---|---|---|---|
| **Account Manager** | Mental ability 20<br>GeneralStudies 15<br>MGNREGABasics 10<br>Computer Proficiency 20<br>English Proficiency 10 | M.Com /CA or equivalent<br>5 ਅੰਕ | ਲਾਜ਼ਮੀ | ਹਰ ਇੱਕ ਸਾਲ ਲਈ 02 ਅੰਕ,ਵੱਧ ਤੋ ਵੱਧ 10 ਅੰਕ | 10 ਅੰਕ |
| **Additional Program Officer** | Mental ability 20<br>GeneralStudies 15<br>MGNREGABasics 10<br>Computer Proficiency 20<br>English Proficiency 10 | Post Graduation in any Subjet or equivalent<br>5 ਅੰਕ | ਲਾਜ਼ਮੀ | ਹਰ ਇੱਕ ਸਾਲ ਲਈ 02 ਅੰਕ,ਵੱਧ ਤੋ ਵੱਧ 10 ਅੰਕ | 10 ਅੰਕ |
| **Technical Assistant** | Mental ability 20<br>GeneralStudies 15<br>MGNREGABasics 10<br>Computer Proficiency 10<br>Civil Engineering Related 20 | MTech (Civil) or equivalen<br>5 ਅੰਕ | ---- | ਹਰ ਇੱਕ ਸਾਲ ਲਈ 02 ਅੰਕ,ਵੱਧ ਤੋ ਵੱਧ 10 ਅੰਕ | 10 ਅੰਕ |
| **Computer Assistant** | Mental ability 20<br>GeneralStudies 15<br>MGNREGABasics 10<br>Computer Proficiency 20<br>English Proficiency 10 | MCA or equivalent<br>5 ਅੰਕ | ਟੈਪਿੰਗ ਟੈਸਟ ਅੰਗਰੇਜੀ ਦੇ 30 , ਪੰਜਾਬੀ (ਰਾਵੀਂ ਫੋਟ) 25 ਸਬਦ ਪਰ ਮਿੰਟ | ਹਰ ਇੱਕ ਸਾਲ ਲਈ 02 ਅੰਕ,ਵੱਧ ਤੋ ਵੱਧ 10 ਅੰਕ | 10 ਅੰਕ |
| **Gram Rozgar Sewak** | Mental ability 25<br>GeneralStudies 25<br>MGNREGABasics<br>&Rural Governance 25 | Graduation<br>5 ਅੰਕ | ਲਾਜ਼ਮੀ | ਹਰ ਇੱਕ ਸਾਲ ਲਈ 02 ਅੰਕ,ਵੱਧ ਤੋ ਵੱਧ 10 ਅੰਕ | 10 ਅੰਕ |
| | | | | | |

**Total M.M : 100 M.M**

**Note:**

**Written Exams will be conducted in three Phase:**

1. **Combined written test for the post of Account Manager, Additional Program Officer and Computer Assistant.**
2. **Written test for the post of Technical Assistant**
3. **Written test for the post of Gram Rozgar Sewak**

**Venue for written Exam and Compulsory Computer Skill Test. will be announced later.**

## 6. ਉਮਰ ਸੀਮਾਂ :-

- I. ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।
- II. ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਸੀਮਾਂ 42 ਸਾਲ ਹੋਵੇਗੀ।
- III. ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਪਰਲੀ ਉਮਰ ਸੀਮਾਂ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾਂ 45 ਸਾਲ ਹੋਵੇਗੀ।
- IV. ਪੰਜਾਬ ਦੇ ਵਸਨੀਕ ਸਾਬਕਾ ਫੋਜੀਆਂ ਦੇ ਕੇਸ ਵਿੱਚ ਉਪਰਲੀ ਉਮਰ ਸੀਮਾਂ Punjab Recruitment of Ex-Servicemen rules, 1982 ਵਿੱਚ ਸਮੇਂ ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਸੀਮਾਂ ਉਹਨਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਹਨਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਉਮਰ ਸੀਮਾਂ ਤੋਂ 3 ਸਾਲਾਂ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਸੀਮਾਂ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।
- V. ਪੰਜਾਬ ਦੇ ਵਸਨੀਕ ਅੰਗਹੀਣਾ ਲਈ ਉਪਰਲੀ ਉਮਰ ਸੀਮਾਂ ਵਿੱਚ 10 ਸਾਲ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾਂ 47 ਸਾਲ ਹੋਵੇਗੀ।
- VI. Widows, divorcees and certain other categories of married women ਨੂੰ ਪੰਜਾਬ ਸਰਕਾਰ ਦੇ ਦਫਤਰ ਦੇ ਪੱਤਰ ਨੰ:1/50/83-5PP (1368)/3454 ਮਿਤੀ 23-04-1984 ਰਾਹੀਂ ਜਾਰੀ ਹਦਾਇਤਾਂ ਮੁਤਾਬਕ ਉਕਤ ਦਰਸਾਈਆਂ ਗਈਆ ਅਸਾਮੀਆਂ ਲਈ ਉਮਰ ਸੀਮਾ 40 ਸਾਲ ਤੱਕ ਅਪਲਾਈ ਕਰਨ ਲਈ ਛੋਟ ਦਿੱਤੀ ਜਾਂਦੀ ਹੈ।
- VII. ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਪ੍ਰੋਗਰਾਮ ਕੋਰਡੀਨੇਟਰ ਮਗਨਰੇਗਾ ਮਲੇਰਕੋਟਲਾ ਵੱਲੋਂ ਮਗਨਰੇਗਾ ਅਧੀਨ ਮਲੇਰਕੋਟਲਾ ਵਿੱਚ ਕੰਮ ਕਰਨ ਵਾਲੇ ਉਮੀਦਵਾਰਾਂ ਲਈ ਇਸ ਭਰਤੀ ਵਿੱਚ ਕੋਈ ਉਮਰ ਸੀਮਾ ਨਹੀ ਰੱਖੀ ਜਾਵੇਗੀ।

## 7. ਰਾਖਵਾਂਕਰਨ ਸਬੰਧੀ ਮਹੱਤਵਪੂਰਨ ਹਦਾਇਤਾਂ: -

- I. ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਰਾਜ ਦੇ ਵਸਨੀਕਾਂ ਨੂੰ ਹੀ ਮਿਲਣ ਯੋਗ ਹੋਵੇਗਾ।
- II. ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਜਾਰੀ ਹੋਇਆ ਸਰਟੀਫਕੇਟ (Domicile Certificate) ਅਪਲੋਡ/ ਪੇਸ਼ ਕਰੇਗਾ। ਇਹ ਸਰਟੀਫਿਕੇਟ ਅਪਲੋਡ/ਪੇਸ਼ ਕਰਨ ਸਮੇਂ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ।
- III. ਅਨੁਸੂਚਿਤ ਜਾਤੀ/ਪਛੜੀ ਸ਼੍ਰੇਣੀ/ਸਾਬਕਾ ਫੌਜੀਆਂ/EWS/ਸੋਪਰਟਸ ਕੈਟਾਗਰੀ ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

## 8. ਚੋਣ ਵਿਧੀ :-

1. ਆਨਲਾਈਨ ਫਾਰਮ ਭਰਨ ਸਮੇਂ ਯੋਗਤਾਵਾਂ ਦੇ ਆਧਾਰ ਤੇ ਉਮੀਦਵਾਰ ਨੂੰ ਜਿਸ ਆਸਾਮੀ ਲਈ ਅਪਲਾਈ ਕਰਨਾ ਹੈ, ਉਸ ਦਾ ਚੁਣਾਵ ਕਰਨਾ ਹੋਵੇਗਾ।
2. ਹਰ ਉਮੀਦਵਾਰ ਇੱਕ ਤੋ ਵੱਧ ਅਸਾਮੀ ਲਈ ਵੀ ਅਪਲਾਈ ਕਰ ਸਕਦਾ ਹੈ।ਇਸ ਲਈ ਉਮੀਦਵਾਰ ਨੂੰ ਵੱਖਰੇ ਤੌਰ ਤੇ ਪੂਰੀ ਪ੍ਰਕਿਰਿਆ ਦੁਹਰਾਉਣੀ ਪਵੇਗੀ ਅਤੇ ਹਰ ਅਸਾਮੀ ਲਈ ਅਰਜੀ ਫੀਸ ਵੀ ਵੱਖਰੇ ਤੌਰ ਤੇ ਜਮ੍ਹਾ ਕਰਵਾਈ ਜਾਵੇ।
3. Account Manager, Additional Program Officer and Computer Assistant ਦੀ ਅਸਾਮੀ ਲਈ ਬਿਨੈ ਕਰਨ ਵਾਲੇ ਉਮੀਦਵਾਰਾਂ ਦਾ ਇੱਕ Objective Type ਲਿਖਤੀ ਪੇਪਰ ਹੋਵੇਗਾ।
4. Technical Assistant ਲਈ ਬਿਨੈ ਕਰਨ ਵਾਲੇ ਉਮੀਦਵਾਰਾਂ ਲਈ ਵੱਖਰਾ Objective type ਲਿਖਤੀ ਪੇਪਰ ਹੋਵੇਗਾ।
5. Gram Rozgar Sewak ਲਈ ਬਿਨੈ ਕਰਨ ਵਾਲੇ ਉਮੀਦਵਾਰਾਂ ਲਈ ਵੱਖਰਾ Objective type ਲਿਖਤੀ ਪੇਪਰ ਹੋਵੇਗਾ।
6. ਲਿਖਤੀ ਪ੍ਰੀਖਿਆ ਪਾਸ ਕਰਨ ਲਈ ਉਮੀਦਵਾਰਾਂ ਨੂੰ ਘੱਟੋ ਘੱਟ 40 ਪ੍ਰਤੀਸ਼ਤ ਅੰਕ ਪ੍ਰਾਪਤ ਕਰਨੇ

ਲਾਜ਼ਮੀ ਹੋਣਗੇ।

7 ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਵਿੱਚੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਅਸਾਮੀਆਂ ਦੇ ਵੱਧ ਤੋਂ ਵੱਧ 3 ਗੁਣਾਂ ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਇਆ ਜਾਵੇਗਾ ।

8 Computer Assistant ਦੀ ਲਿਖਤੀ ਪ੍ਰੀਖਿਆ ਪਾਸ ਕਰਨ ਵਾਲੇ ਉਮੀਦਵਾਰਾਂ ਲਈ ਅੰਗ੍ਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ ਟਾਇਪਿੰਗ ਟੈਸਟ ਪਾਸ ਕਰਨਾ ਲਾਜ਼ਮੀ ਹੋਵੇਗਾ। ਟਾਇਪਿੰਗ ਟੈਸਟ ਪਾਸ ਕਰਨ ਲਈ ਅੰਗ੍ਰੇਜ਼ੀ ਭਾਸ਼ਾ ਵਿੱਚ 30 w.p.m ਅਤੇ ਪੰਜਾਬੀ ਭਾਸ਼ਾ ਵਿੱਚ 25 w.p.m (ਰਾਵੀ ਫੌਂਟ) ਦੀ ਸਪੀਡ ਹਾਸਿਲ ਕਰਨੀ ਲਾਜ਼ਮੀ ਹੋਵੇਗੀ।

9 ਲਿਖਤੀ ਪ੍ਰੀਖਿਆ ਵਿੱਚ ਜੇਕਰ ਮੈਰਿਟ ਦੀ ਬਰਾਬਰਤਾ ਸਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਿਲ ਕਰਨ ਵਾਲੇ ਉਮੀਦਵਾਰਾਂ ਵਿੱਚੋ, ਜੋ ਉਮੀਦਵਾਰ ਜਿਲ੍ਹਾਂ ਮਲੇਰਕੋਟਲਾ ਦਾ ਵਸਨੀਕ ਹੋਵੇਗਾ ਉਸ ਨੂੰ ਪਹਿਲ ਦਿੱਤੀ ਜਾਵੇਗੀ। ਬਰਾਬਰਤਾ ਵਾਲੇ ਸਾਰੇ ਉਮੀਦਵਾਰ ਜਿਲ੍ਹਾਂ ਮਲੇਰਕੋਟਲਾ ਤੋ ਹੋਣ ਦੀ ਸੂਰਤ ਵਿੱਚ ਜਨਮ ਮਿਤੀ ਨੂੰ ਵਿਚਾਰਿਆ ਜਾਵੇਗਾ ਅਤੇ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ। ਜੇਕਰ ਬਰਾਬਰ ਮੈਰਿਟ ਹਾਸ਼ਿਲ ਕਰਨ ਵਾਲੇ ਉਮਦਵਾਰਾਂ ਦੀ ਉਕਤ ਤੋ ਇਲਾਵਾ ਜਨਮ ਮਿਤੀ ਮੁਤਾਬਕ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀ ਹੈ ਤਾਂ ਇਸ ਸਬੰਧੀ ਉਮੀਦਵਾਰ ਦੀ ਮੰਗੀ ਵਿਦਿਅਕ ਯੋਗਤਾ ਨੂੰ ਵਿਚਾਰਦੇ ਹੋਏ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ ਅਤੇ ਜੇਕਰ ਉਪਰੋਕਤ ਸਾਰੀਆਂ ਸਥਿਤੀਆਂ ਵਿੱਚ ਵੀ ਅੰਕਾਂ ਦੀ ਬਰਾਬਰਤਾ ਦਾ ਵਿਵਾਦ ਨਹੀ ਸੁਲੱਝਦਾ ਹੈ ਤਾਂ ਅੰਤ ਵਿੱਚ ਮੈਟਰਿਕ ਦੇ ਅੰਕਾ ਨੂੰ ਵਿਚਾਰਦੇ ਹੋਏ, ਮੈਟ੍ਰਿਕ ਵਿੱਚ ਵੱਧ ਅੰਕ ਹਾਸਿਲ ਕਰਨ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਵੇਗੀ।

10 ਲਿਖਤੀ ਪ੍ਰੀਖਿਆ, ਟਾਇਪਿੰਗ ਟੈਸਟ, ਕੰਪਿਊਟਰ ਸਕਿੱਲ ਟੈਸਟ, ਇੰਟਰਵਿਊ ਦਾ ਸਥਾਨ ਅਤੇ ਹੋਰ ਜਾਣਕਾਰੀ ਦਫਤਰ ਦੀ ਵੈਬਸਾਈਟ https://malerkotla.nic.in.ਅਤੇ https://govt.thapar.edu/mgr23mk/ ਤੇ ਸਮੇਂ ਸਮੇਂ ਤੇ ਜਾਰੀ ਕੀਤੀ ਜਾਵੇਗੀ। ਇਸ ਲਈ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਮੇਂ-ਸਮੇਂ ਤੇ ਦਫਤਰ ਦੀ ਵੈਬਸਾਈਟ ਨੂੰ ਚੈਕ ਕਰਦੇ ਰਹਿਣ।

11 ਭਰਤੀ ਵਿੱਚ ਚੁਣੇ ਜਾਣ ਵਾਲੇ ਉਮੀਦਵਾਰਾਂ ਤੋਂ ਇਲਾਵਾ ਇਸ ਦਫਤਰ ਵੱਲੋ Waiting List ਵੀ ਰੱਖੀ ਜਾਵੇਗੀ। ਉਹ ਉਮੀਦਵਾਰ ਜੋ ਇੰਟਰਵਿਊ ਤੋਂ ਬਾਅਦ ਆਸਾਮੀਆਂ ਲਈ ਨਹੀ ਚੁਣੇ ਜਾਣਗੇ, ਉਹਨ੍ਹਾਂ ਉਮੀਦਵਾਰਾਂ ਨੂੰ ਮੈਰਿਟ ਅਧਾਰ ਤੇ Waiting List ਵਿੱਚ ਰੱਖਿਆ ਜਾਵੇਗਾ। ਇਹ ਮੈਰਿਟ ਲਿਸਟ ਇੱਕ ਸਾਲ ਲਈ ਵੈਲਿਡ ਹੋਵੇਗੀ।

12 ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਪ੍ਰਾਰਥੀ ਦਾ ਬਿਨੈਪੱਤਰ ਭਰਨ ਸਮੇ 10ਵੀ ਕਲਾਸ ਵਿੱਚ ਪੰਜਾਬੀ ਪਾਸ ਹੋਣਾ ਲਾਜਮੀ ਹੈ।

13 ਉਪਰੋਕਤ ਅਨੁਸਾਰ ਮਗਨਰੇਗਾ ਅਧੀਨ ਜਿਲ੍ਹਾ ਅਤੇ ਬਲਾਕ ਪੱਧਰ ਤੇ ਅਸਾਮੀਆਂ ਦੀ ਭਰਤੀ ਮਗਨਰੇਗਾ ਦੀ ਗਾਈਡਲਾਈਂਜ ਅਤੇ ਪੰਜਾਬ ਸਰਕਾਰ ਵਲੋਂ ਭੇਜੀਆਂ ਗਈਆਂ ਹਦਾਇਤਾਂ ਮੁਤਾਬਕ ਨਿਰੋਲ ਠੇਕੇ ਦੇ ਆਧਾਰ ਤੇ ਮਾਣਯੋਗ ਡੀ.ਪੀ.ਸੀ.ਮਗਨਰੇਗਾ ਮਲੇਰਕੋਟਲਾ ਅਧੀਨ ਚੋਣ ਕਮੇਟੀ ਵੱਲੋਂ ਕੀਤੀ ਜਾ ਰਹੀ ਹੈ। ਇਹਨਾਂ ਅਸਾਮੀਆਂ ਦੀ ਤੈਨਾਤੀ ਪੂਰੇ ਜਿਲੇ ਵਿੱਚ ਲੋੜ ਅਨੁਸਾਰ ਕੀਤੀ ਜਾ ਸਕਦੀ ਹੈ ਅਤੇ ਚੁਣੇ ਗਏ ਉਮੀਦਵਾਰਾਂ ਨੂੰ ਜਿਲੇ ਦੇ ਕਿਸੇ ਵੀ ਬਲਾਕ ਵਿੱਚ ਡਿਊਟੀ ਤੇ ਲਗਾਇਆ ਜਾ ਸਕਦਾ ਹੈ।

14 ਲਿਖਤੀ ਟੈਸਟ ਸਬੰਧੀ ਵੱਖਰੇ ਤੋਰ ਤੇ ਕੋਈ ਪੱਤਰ ਵਿਹਾਰ ਨਹੀ ਕੀਤਾ ਜਾਵੇਗਾ।

15 ਉਮੀਦਵਾਰਾਂ ਵੱਲੋਂ ਤਜਰਬੇ ਸਬੰਧੀ ਹੇਠ ਲਿਖੇ ਦਸਤਾਵੇਜ ਇੰਟਰਵਿਊ ਦੇ ਸਮੇਂ ਪੇਸ਼ ਕਰਨੇ ਲਾਜ਼ਮੀ ਹਨ:-

1. **Employer's Certificate,**
   **and**
2. **ਜਿਨ੍ਹੇ ਸਾਲ ਦਾ ਤਜਰਬਾ ਉਮੀਦਵਾਰ ਵੱਲੋਂ ਲਗਾਇਆ ਜਾਵੇਗਾ ਉਨ੍ਹਾਂ ਸਾਲਾਂ ( Period of experience) ਦੇ Form 16 or Bank Account statement or EPF Statements or ESI Statements.**

**ਨੋਟ :-** **ਜੇਕਰ ਉਮੀਦਵਾਰ ਉਕਤ ਦਰਸਾਏ ਗਏ ਦਸਤਾਵੇਜਾਂ ਵਿੱਚੋਂ ਕੋਈ ਵੀ ਦਸਤਾਵੇਜ ਨਹੀਂ ਪੇਸ਼ ਕਰਦਾ ਹੈ ਤਾਂ ਉਸ ਨੂੰ ਤਜਰਬੇ ਦਾ ਕੋਈ ਵੀ ਨੰਬਰ ਨਹੀਂ ਦਿੱਤਾ ਜਾਵੇਗਾ।**

16 ਉਕਤ ਅਸਾਮੀਆਂ ਨੂੰ ਭਰਨ ਲਈ ਚੋਣ ਕਰਨ ਦੇ ਮਾਪਦੰਡਾਂ ਵਿੱਚ ਜੇਕਰ ਕੋਈ ਸੋਧ ਦੀ ਲੋੜ ਪੈਂਦੀ ਹੈ ਤਾਂ ਚੋਣ ਕਮੇਟੀ ਦਾ ਫੈਸਲਾ ਅੰਤਿਮ ਮੰਨਿਆ ਜਾਵੇਗਾ।

17 ਉਮੀਦਵਾਰਾਂ ਵਲੋ ਇੰਟਰਵਿਊ ਦੋਰਾਨ ਇੱਕ ਸਵੈ-ਘੋਸ਼ਣਾ ਦਿੱਤੀ ਜਾਵੇਗੀ ਕਿ ਉਹਨਾਂ ਵਿਰੁੱਧ ਕੋਈ ਵੀ ਕਰੀਮੀਨਲ ਜਾਂ ਵਿਜੀਲੈਂਸ ਕੇਸ ਨਹੀ ਚੱਲ ਰਿਹਾ ਹੈ ਅਤੇ ਉਸ ਦਾ ਮਗਨਰੇਗਾ ਅਧੀਨ ਪੰਜਾਬ ਵਿੱਚ ਕਿਤੇ ਵੀ ਪਹਿਲਾਂ ਕਿਸੇ ਵੀ ਕਾਰਣ ਕਰਕੇ ਕੰਟਰੈਕਟ ਟਰਮੀਨੇਟ ਨਹੀਂ ਕੀਤਾ ਗਿਆ ।

**9. ਫ਼ੀਸ ਸਬੰਧੀ ਵੇਰਵਾ:-**

**Application fees for the post:**

- **SC/ST/BC/PwD** **300/-**
- **All other Categories** **600/-**

**ਨੋਟ:-**

1. **Account Manager, Additional Program Officer and Computer Assistant ਦੀ ਅਸਾਮੀ ਲਈ ਇੱਕ ਵੱਖਰਾ ਪੇਪਰ ਹੋਵੇਗਾ,**
2. **ਟੈਕਨੀਕਲ ਸਹਾਇਕ ਦੀ ਅਸਾਮੀ ਲਈ ਵੱਖਰਾ ਪੇਪਰ ਹੋਵੇਗਾ।**
3. **ਗ੍ਰਾਮ ਰੋਜ਼ਗਾਰ ਸੇਵਕਾਂ ਦੀ ਅਸਾਮੀ ਲਈ ਵੱਖਰਾ ਪੇਪਰ ਹੋਵੇਗਾ।**

**ਉਮੀਦਵਾਰ** ਇੱਕ ਤੋ ਵੱਧ ਅਸਾਮੀ ਲਈ ਅਪਲਾਈ ਕਰ ਸਕਦਾ ਹੈ।ਇਸ ਲਈ ਉਮੀਦਵਾਰ ਨੂੰ ਵੱਖਰੇ ਤੌਰ ਤੇ ਪੂਰੀ ਪ੍ਰਕਿਰਿਆ ਦੁਹਰਾਉਣੀ ਪਵੇਗੀ ਅਤੇ ਹਰ ਅਸਾਮੀ ਲਈ **ਪੇਪਰ ਦੀ ਵੱਖਰੀ ਫ਼ੀਸ ਭਰਨੀ ਹੋਵੇਗੀ। ਉਮੀਦਵਾਰਾਂ ਦੁਆਰਾ ਅਦਾ ਕੀਤੀ ਗਈ ਫ਼ੀਸ ਕਿਸੇ ਵੀ ਸਥਿਤੀ ਵਿੱਚ ਵਾਪਿਸ ਨਹੀਂ ਕੀਤੀ ਜਾਵੇਗੀ।**

**(Non-refundable at any time).**

## 10. ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ :-

**ਹੇਠ ਲਿਖੀ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ।**

I. **ਪੂਰੀ ਫ਼ੀਸ ਪ੍ਰਾਪਤ ਨਾ ਹੋਣਾ ਜਾਂ ਨਿਰਧਾਰਤ ਵਿਧੀ ਅਨੁਸਾਰ ਫ਼ੀਸ ਜਮ੍ਹਾ ਨਾ ਕਰਵਾਉਣਾ।**
II. **ਬਿਨੈ-ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ।**
III. **ਆਨਲਾਈਨ ਬਿਨੈ ਕਰਨ ਦੀ ਪੂਰੀ ਪ੍ਰੀਕ੍ਰਿਆ ਮੁਕੰਮਲ ਨਾ ਕਰਨ।**
IV. **ਕਿਸ ਹੋਰ ਸਰਕਾਰੀ ਅਦਾਰੇ ਜਾਂ ਸੰਸਥਾ ਵੱਲੋ ਅਯੋਗ ਕਰਾਰ ਦਿੱਤਾ ਹੋਣਾ।**
V. **ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀਆਂ ਹੋਰ ਸਰਤਾ ਪੂਰੀਆ ਨਾ ਹੋਣਾ।**
VI. **ਦਫਤਰ ਦੀ ਵੈਬਸਾਈਟ https://malerkotla.nic.in ਅਤੇ** https://govt.thapar.edu/mgr23mk/ **ਤੇ ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਦੀ ਥਾਂ ਕਿਸੇ ਹੋਰ ਪ੍ਰਕਿਰਿਆ ਰਾਹੀ ਬਿਨੈ ਕਰਨਾ।**
VII. **ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੈਣੀ/ਕੋਡ ਦੇ ਵਿਰੁੱਧ ਅਪਾਲਾਈ ਕਰਦਾ ਹੈ, ਜਿਸ ਕੈਟਾਗਰੀ ਦੀ ਕੋਈ ਅਸਾਮੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ।**
VIII. **ਮਗਨਰੇਗਾ ਸਕੀਮ ਅਧੀਨ ਪਹਿਲਾਂ ਤੋਂ ਹੀ ਕੰਮ ਕਰ ਚੁੱਕਿਆ ਕਰਮਚਾਰੀ ਜਿਸ ਨੂੰ ਪੂਰੇ ਪੰਜਾਬ ਵਿੱਚ ਕਿਤੇ ਵੀ ਟਰਮੀਨੇਟ ਕੀਤਾ ਜਾ ਚੁੱਕਾ ਹੈ।**

## 11. ਅਪਲਾਈ ਕਰਨ ਦੀ ਵਿਧੀ :-

**ਆਨਲਾਈਨ ਅਪਲਾਈ ਕਰਨ ਲਈ ਵੈਬਸਾਈਟ https://malerkotla.nic.in ਅਤੇ** https://govt.thapar.edu/mgr23mk/ **ਤੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਉਮੀਦਵਾਰਾਂ ਵੱਲੋਂ ਕੇਵਲ ਆਨਲਾਈਨ ਐਪਲੀਕੇਸ਼ਨ ਰਾਹੀਂ ਦੱਸੇ ਗਏ ਪੋਰਟਲ ਤੇ ਹੀ ਅਪਲਾਈ ਕੀਤਾ ਜਾਵੇ ਇਸ ਤੋਂ ਇਲਾਵਾ ਹੋਰ ਕਿਸੇ ਵੀ ਤਰੀਕੇ ਨਾਲ ਫਾਰਮ ਜਮਾਂ ਨਹੀਂ ਕਰਵਾਏ ਜਾਣਗੇ। ਆਨਲਾਈਨ ਅਪਲਾਈ ਕਰਨ ਵਾਲੇ ਸਾਰੇ ਉਮੀਦਵਾਰਾਂ ਤੇ ਇਸ਼ਤਿਹਾਰ ਦੀਆਂ ਸ਼ਰਤਾਂ/ਹਦਾਇਤਾਂ ਲਾਗੂ ਹੋਣਗੀਆਂ ਅਤੇ ਇਹ ਮੰਨਿਆ ਜਾਵੇਗਾ ਕਿ ਉਹ ਇਹਨਾਂ ਸਰਤਾਂ/ਹਦਾਇਤਾਂ ਨਾਲ ਸਹਿਮਤ ਹਨ।**

## 12. ਬਿਨੈਕਾਰਾਂ ਦੇ ਧਿਆਨ ਹਿੱਤ ਜਰੂਰੀ ਹਦਾਇਤਾਂ :-

i. **ਸਮੂਹ ਉਮੀਦਵਾਰ ਇਸ਼ਤਿਹਾਰ ਵਿਚਲੀਆਂ ਹਦਾਇਤਾਂ ਨੂੰ ਧਿਆਨ ਨਾਲ ਪੜਨ ਉਪਰੰਤ ਹੀ ਫਾਰਮ ਭਰਨ ਅਤੇ ਉਮੀਦਵਾਰ ਇਸ਼ਤਿਹਾਰ ਵਿੱਚ ਦਿੱਤੇ ਯੋਗਤਾ ਦੇ ਮਾਪਦੰਡ ਅਨੁਸਾਰ ਹੀ ਆਸਾਮੀ ਲਈ ਅਪਲਾਈ ਕਰਨ।**
ii. **ਉਮੀਦਵਾਰ ਦਫਤਰ ਦੀ ਵੈਬਸਾਈਟ https:/malerkotla.nic.in ਅਤੇ** https://govt.thapar.edu/mgr23mk/ **ਤੇ ਜਾ ਕੇ ਅਸਾਮੀ ਲਈ ਅਪਲਾਈ ਕਰ ਸਕਦੇ ਹਨ। ਫਾਰਮ ਭਰਨ ਸਬੰਧੀ ਹਦਾਇਤਾਂ ਉਕਤ ਵੈਬਸਾਈਟ ਤੇ ਉਪਲੱਬਧ ਹਨ।**
iii. **ਆਨਲਾਈਨ ਫਾਰਮ ਮਿਤੀ 21/02/2023 ਤੱਕ ਭਰੇ ਜਾ ਸਕਦੇ ਹਨ। ਯੋਗ ਉਮੀਦਵਾਰਾਂ ਨੂੰ e-admit card ਮਿਤੀ 27/02/2023 ਨੂੰ ਜਾਰੀ ਕਰ ਦਿੱਤੇ ਜਾਣਗੇ। ਉਮੀਦਵਾਰ e-admit card ਦਫਤਰ ਦੀ ਵੈਬਸਾਈਟ ਤੋਂ ਡਾਉਨਲੋਡ ਕਰ ਸਕਦੇ ਹਨ। ਕਿਸੇ ਵੀ ਉਮੀਦਵਾਰ ਨੂੰ ਐਡਮਿਟ ਕਾਰਡ ਪੋਸਟ ਰਾਹੀਂ ਨਹੀਂ ਭੇਜਿਆ ਜਾਵੇਗਾ। ਉਮੀਦਵਾਰ ਸਮੇਂ-ਸਮੇਂ ਤੇ ਦਫਤਰ ਦੀ ਵੈਬਸਾਈਟ ਨੂੰ ਚੈਕ ਕਰਦੇ ਰਹਿਣ।**

iv. ਉਮੀਦਵਾਰ ਆਪਣੀ ਪਾਤਰਤਾ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ/ਪ੍ਰਸ਼ਨ/ਸੂਚਨਾਂ ਆਦਿ ਲੈਣ ਲਈ ਦਫਤਰ ਜਿਲਾ ਵਿਕਾਸ ਅਤੇ ਪੰਚਾਇਤ ਅਫਸਰ ਮਲੇਰਕੋਟਲਾ, ਵਿਖੇ ਸੰਪਰਕ ਕਰ ਸਕਦਾ ਹੈ।

v. ਪ੍ਰੀਖਿਆ ਦੌਰਾਨ ਕਿਸੇ ਵੀ ਤਰ੍ਹਾਂ ਦੇ mobile phone (even in switched off mode), pager or electronic equipment or programmable device or storage media like pen drive, smart watches etc. or camera or Bluetooth devices or any other equipment or related accessories either in working or switched off mode capable of being used as a communication device ਨੂੰ ਵਰਤਣ ਦੀ ਮਨਾਹੀ ਹੋਵੇਗੀ।

vi. ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀਖਿਆ ਕੇਂਦਰ ਵਿਖੇ ਕਿਸੇ ਵੀ ਤਰ੍ਹਾਂ ਦੇ ਕੀਮਤੀ ਉਪਕਰਨ/ਸਮਾਨ ਆਦਿ ਨਾਲ ਨਾ ਲੈ ਕੇ ਆਉਣ। ਜੇਕਰ ਕੋਈ ਉਮੀਦਵਾਰ ਆਪਣਾ ਕੀਮਤੀ ਸਮਾਨ ਪ੍ਰੀਖਿਆ ਕੇਂਦਰ ਵਿਖੇ ਲੈ ਕੇ ਆਉਂਦਾ ਹੈ ਤਾਂ ਉਸ ਦੀ ਸਾਂਭ-ਸੰਭਾਲ ਦੀ ਜਿੰਮੇਵਾਰੀ ਦਫਤਰ ਦੀ ਨਹੀਂ ਹੋਵੇਗੀ।

vii. ਉਮੀਦਵਾਰ Medically Fit ਹੋਣਾ ਚਾਹੀਦਾ ਹੈ। ਚੁਣੇ ਗਏ ਉਮੀਦਵਾਰਾਂ ਨੂੰ ਆਪਣਾ Medically Fit ਹੋਣ ਦਾ ਸਰਟੀਫਿਕੇਟ ਦੇਣਾ ਜਰੂਰੀ ਹੋਵੇਗਾ। ਜੇਕਰ ਕੋਈ ਉਮੀਦਵਾਰ Medically Unfit ਪਾਇਆ ਜਾਂਦਾ ਹੈ ਤਾਂ ਉਸ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ। ਮੈਡੀਕਲ ਕਿਸ ਹੈਲਥ ਕੇਂਦਰ ਤੋਂ ਕਰਵਾਇਆ ਜਾਣਾ ਹੈ, ਇਸ ਸਬੰਧੀ ਸੂਚਨਾਂ ਇਸ ਦਫਤਰ ਵੱਲੋਂ ਵੱਖਰੇ ਤੌਰ ਤੇ ਮੁਹੱਈਆ ਕਰਵਾਈ ਜਾਵੇਗੀ।

viii. ਇਸ ਦਫਤਰ ਨੂੰ ਅਸਾਮੀਆਂ ਦੀ ਗਿਣਤੀ ਵਧਾਉਣ ਜਾਂ ਘਟਾਉਣ ਜਾਂ ਭਰਤੀ ਦੀ ਕਿਸੇ ਵੀ ਸਟੇਜ਼ ਤੇ ਇਸਤਿਹਾਰ ਰੱਦ ਕਰਨ ਦਾ ਅਧਿਕਾਰ ਹੋਵੇਗਾ।

ix. ਭਰਤੀ ਵਿੱਚੋ ਚੁਣੇ ਗਏ ਉਮੀਦਵਾਰਾਂ ਨੂੰ ਜਿਲ੍ਹਾ ਮਲੇਰਕੋਟਲਾ ਦੇ ਕਿਸੇ ਵੀ ਬਲਾਕ ਦਫਤਰ ਜਾਂ ਦਫਤਰ ਹੈਡ ਕੁਆਟਰ, ਮਲੇਰਕੋਟਲਾ ਵਿਖੇ ਨਿਯੁਕਤ ਕਰਨ ਦਾ ਫੈਸਲਾ ਜਰੂਰਤ ਅਨੁਸਾਰ ਚੋਣ ਮੁਕੰਮਲ ਹੋਣ ਤੋ ਬਾਅਦ ਲਿਆ ਜਾਵੇਗਾ। ਇਹ ਫੈਸਲਾ ਅੰਤਿਮ ਹੋਵੇਗਾ ਅਤੇ ਇਸ ਵਿੱਚ ਕਿਸੇ ਤਰ੍ਹਾਂ ਦੀ ਦਰਖਾਸਤ ਨੂੰ ਨਹੀ ਸੁਣਿਆ ਜਾਵੇਗਾ।

x. ਇੱਕ ਵਾਰ ਭਰਤੀ ਕੀਤੇ ਗਏ ਵਿਅਕਤੀ ਨੂੰ ਘੱਟੋ—ਘੱਟ 2 ਸਾਲਾਂ ਲਈ ਜਿਲ੍ਹਾ ਮਲੇਰਕੋਟਲਾ ਵਿੱਚ ਡਿਊਟੀ ਕਰਨੀ ਹੋਵੇਗੀ ਅਤੇ ਇਸ ਸਮੇਂ ਤੱਕ ਕਿਸੇ ਹੋਰ ਜਿਲ੍ਹੇ ਵਿੱਚ ਤਬਦੀਲ ਨਹੀਂ ਕੀਤਾ ਜਾਵੇਗਾ।

xi. ਭਰਤੀ ਵਿੱਚ ਚੁਣੇ ਗਏ ਕਿਸੇ ਉਮੀਦਵਾਰ ਵੱਲੋ ਜੇਕਰ ਕਿਸੇ ਕਾਰਨ ਜੁਆਇੰਨ ਨਹੀ ਕੀਤਾ ਜਾਂਦਾ ਤਾਂ ਉਸ ਦੀ ਜਗ੍ਹਾਂ ਤੇ Waiting List ਵਿਚੋਂ ਉਮੀਦਵਾਰ ਨੂੰ ਨਿਯੁਕਤ ਕੀਤਾ ਜਾਵੇਗਾ। ਇਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਭਰਤੀ ਕੀਤੀਆਂ ਜਾਣ ਵਾਲੀਆਂ ਸਾਰੀਆਂ ਅਸਾਮੀਆਂ ਵਿੱਚੋਂ ਜਾਂ ਇਹਨ੍ਹਾਂ ਅਸਾਮੀਆਂ ਤੇ ਭਰਤੀ ਹੋਏ ਪੁਰਾਣੇ ਕਰਮਚਾਰੀਆਂ ਵਿੱਚੋਂ ਕਿਸੇ ਵੀ ਕਾਰਣ ਕੋਈ ਅਸਾਮੀ ਖਾਲੀ ਹੋ ਜਾਂਦੀ ਹੈ ਤਾਂ ਉਸ ਅਸਾਮੀ ਦੀ Waiting List ਵਿੱਚੋਂ ਅਗਲੇ ਉਮੀਦਵਾਰ ਨੂੰ ਖਾਲੀ ਅਸਾਮੀ ਲਈ ਚੁਣਿਆ ਜਾ ਸਕਦਾ ਹੈ। ਮੁੱਖ ਦਫਤਰ ਤੋਂ ਪ੍ਰਵਾਨਗੀ ਲੈਣ ਉਪਰੰਤ ਹੀ ਉਸ ਉਮੀਦਵਾਰ ਦੀ ਨਿਯੁਕਤੀ ਕੀਤੀ ਜਾਵੇਗੀ।

xii. ਭਰਤੀ ਕੀਤੇ ਗਏ ਵਿਅਕਤੀ ਨੂੰ ਮਹੀਨਾਵਾਰ ਟੀਚੇ ਦਿੱਤੇ ਜਾਣਗੇ, ਜਿਸ ਦੀ ਸਮੀਖਿਆ ਜੁਆਇਨਿੰਗ ਦੀ ਮਿਤੀ ਤੋਂ 3 ਮਹੀਨੇ ਬਾਅਦ ਕੀਤੀ ਜਾਵੇਗੀ, ਜੇਕਰ ਵਿਅਕਤੀ ਨਿਰਧਾਰਤ ਘੱਟੋ-ਘੱਟ ਟੀਚਿਆਂ ਨੂੰ ਪ੍ਰਾਪਤ ਨਹੀਂ ਕਰੇਗਾ ਤਾਂ 3 ਮਹੀਨੇ ਬਾਅਦ ਸੇਵਾਵਾਂ ਤੋਂ ਫਾਰਗ ਕਰ ਦਿੱਤਾ ਜਾਵੇਗਾ ਅਤੇ ਉਸ ਦੀ ਜਗ੍ਹਾਂ ਤੇ ਦਫਤਰ ਵੱਲੋਂ Waiting List ਵਿੱਚੋਂ ਅਗਲੇ ਉਮੀਦਵਾਰ ਨੂੰ ਚੁਣਿਆ ਜਾ ਸਕਦਾ ਹੈ।

xiii. ਮਗਨਰੇਗਾ ਸਕੀਮ ਅਧੀਨ ਜੇਕਰ ਭਵਿੱਖ ਵਿੱਚ ਕੰਟਨਜੈਂਸੀ ਫੰਡਜ ਦੀ ਦਿੱਕਤ ਆਉਂਦੀ ਹੈ ਤਾ ਮੈਰਿਟ ਲਿਸਟ ਦੇ ਅਨੁਸਾਰ ਚੁਣੇ ਗਏ ਉਮੀਦਵਾਰਾਂ ਦਾ ਕਿਸੇ ਵੀ ਸਮੇਂ ਕੰਟਰੈਕਟ ਖਤਮ ਕੀਤਾ ਜਾ ਸਕਦਾ ਹੈ।

xiv. ਉਕਤ ਭਰਤੀ ਦੋਰਾਨ ਚੁਣੇ ਗਏ ਉਮੀਦਵਾਰਾਂ ਤੇ ਕਿਸੇ ਵੀ ਤਰ੍ਹਾਂ ਦੀ ਹੜਤਾਲ ਵਿੱਚ ਸ਼ਾਮਲ ਨਾ ਹੋਣ ਸਬੰਧੀ ਸ਼ਰਤ ਲਾਗੂ ਹੋਵੇਗੀ ਅਤੇ ਕਰਮਚਾਰੀ ਰੈਗੂਲਰ ਸੇਵਾਵਾਂ ਲਈ ਕਲੇਮ ਕਰਨ ਦਾ ਹੱਕਦਾਰ ਨਹੀਂ ਹੋਵੇਗਾ। ਇਹਨਾਂ ਸ਼ਰਤਾਂ ਦੀ ਪਾਲਣਾ ਨਾ ਕਰਨ ਵਾਲੇ ਕਰਮਚਾਰੀ ਦਾ ਬਿਨਾਂ ਨੋਟਿਸ ਦਿੱਤੇ ਕੰਟਰੈਕਟ ਟਰਮੀਨੇਟ ਕਰ ਦਿੱਤਾ ਜਾਵੇਗਾ।

xv. ਉਮੀਦਵਾਰ ਕੈਟਾਗਿਰੀਆਂ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਭਰਨ ਕਿਉਂਕਿ ਫਾਰਮ ਭਰਨ ਉਪੰਰਤ ਉਹ ਕਿਸੇ ਵੀ ਸਟੇਜ਼ ਤੇ ਕੈਟਾਗਰੀ ਤਬਦੀਲ ਨਹੀਂ ਕਰ ਸਕੇਗਾ।

xvi. ਆਨਲਾਈਨ ਫਾਰਮ ਭਰਨ ਸਮੇਂ ਕਿਸੇ ਵੀ ਗਲਤੀ ਲਈ ਉਮਦਵਾਰ ਖੁਦ ਜਿੰਮੇਵਾਰ ਹੋਵੇਗਾ।

xvii. ਉਮੀਦਵਾਰ ਵੱਲੋ ਇੱਕ ਵਾਰ ਸਬਮਿਟ ਕੀਤਾ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀ ਹੋਵੇਗੀ।

xviii. ਉਮੀਦਵਾਰਾ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਨ੍ਹਾਂ ਅਸਾਮੀਆ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਨਾ ਲਵੇ। ਜੇਕਰ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਦੀ ਸਥਿਤੀ ਵਿੱਚ ਕੋਈ ਗਲਤੀ ਹੋ ਜਾਂਦੀ ਹੈ ਤਾਂ ਫਾਰਮ ਵਿੱਚ ਕੋਈ ਸੋਧ ਨਹੀ ਕੀਤੀ ਜਾਵੇਗੀ।

xix. ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਲੋੜੀਦੇ ਸਰਟੀਫੀਕੇਟ ਅਪਲੋਡ ਕਰਕੇ ਨਾਲ ਹੀ Online Submit ਕਰਨਗੇ।

xx. ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇ ਕਿ ਪ੍ਰੀਖਿਆ ਦੀ ਮਿਤੀ, ਐਡਮਿਟ ਕਾਰਡ, ਪ੍ਰੀਖਿਆ ਕੇਂਦਰ ਦੀ ਜਾਣਕਾਰੀ, ਨਤੀਜਾ, ਮੈਰਿਟ ਸੂਚੀ ਜਾਂ ਭਰਤੀ ਪ੍ਰਕਿਰਿਆ ਸਬੰਧੀ ਭਵਿੱਖ ਵਿੱਚ ਸਮੇਂ ਸਮੇਂ ਤੇ ਜਾਰੀ ਹੋਣ ਵਾਲੀ ਹੋਰ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਦਫਤਰ ਦੀ ਵੈਬਸਾਈਟ **https://malerkotla.nic.in** ਅਤੇ https://govt.thapar.edu/mgr23mk/ ਤੇ ਹੀ ਅੱਪਲੋਡ ਕੀਤੀ ਜਾਵੇਗੀ। ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਅਤੇ ਵਿਅਕਤੀਗਤ ਤੋਰ ਤੇ ਕੋਈ ਸੂਚਨਾ ਨਹੀ ਭੇਜੀ ਜਾਵੇਗੀ। ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁਕੰਮਲ ਨਹੀ ਹੋ ਜਾਂਦੀ ਤੱਦ ਤੱਕ ਉਮੀਦਵਾਰਾਂ ਨੂੰ ਲੇਟੈਸਟ ਅਪੇਡਟ (Latest Update) ਲਈ ਦਫਤਰ ਦੀ ਵੈਬਸਾਈਟ **https://malerkotla.nic.in** ਅਤੇ https://govt.thapar.edu/mgr23mk/ ਨੂੰ ਲਾਜ਼ਮੀ ਤੋਰ ਤੇ ਚੈਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਇਸ ਦਫਤਰ ਦੀ ਨਾ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਵੇਗਾ।

xxi. ਉਮੀਦਵਾਰ ਕਾਉੂਂਸਲਿੰਗ ਸਮੇਂ ਲੋੜੀਦੀ ਵਿੱਦਿਅਕ ਯੋਗਤਾ/ਤਕਨੀਕੀ ਯੋਗਤਾ ਅਤੇ ਰਾਖਵਾਕਰਨ ਨਾਲ ਸਬੰਧਤ ਆਪਣੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕ ਸ਼ੁਦਾ ਕਾਪੀਆਂ ਪੇਸ ਕਰਨਗੇ। ਇਹ ਸਾਰੇ ਦਸਤਾਵੇਜ ਅਪਲਾਈ ਕਰਨ ਦੀ ਮਿਤੀ ਤੋ ਪਹਿਲਾ ਦੇ ਹੋਣੇ ਚਾਹੀਦੇ ਹਨ।

xxii. ਲਿਖਿਤੀ ਪ੍ਰਖਿਆ ਤੇ ਇੰਟਰਵਿਊ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ/ਡੀ.ਏ ਅਦਾ ਨਹੀ ਕੀਤਾ ਜਾਵੇਗਾ।

xxiii. ਇਸ ਭਰਤੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕੰਮ ਕਾਜ ਵਾਲੇ ਦਿਨ 10 ਤੋਂ 04 ਵੱਜੇ ਤੱਕ ਦਫਤਰ ਦੇ ਫੋਨ ਨੰਬਰ 01675500096 ਤੇ ਸੰਪਰਕ ਕੀਤਾ ਜਾ ਸਕਦਾ ਹੈ।

xxiv. ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਦਫਤਰ ਕੋਲ ਰਾਖਵਾਂ ਹੋਵੇਗਾ।

*********